# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਦੇ ਚਾਰ ਮਹਿਲਾ ਮੈਂਬਰ ਨੂੰ ਕੀਤਾ ਅੰਤਰ ਰਾਸ਼ਟਰੀ ਮਹਿਲਾ ਦਿਵਸ ਤੇ ਸਨਮਾਨਿਤ ।

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ




ਫ਼ਰੀਦਕੋਟ 9 ਮਾਰਚ : ਆਫੀਸਰ ਕਲੱਬ ਫ਼ਰੀਦਕੋਟ ਵਿਖੇ ਅੰਤਰ ਰਾਸ਼ਟਰੀ ਮਹਿਲਾ ਦਿਵਸ ਤੇ 'ਲਾਰਡ ਬੁੱਧਾ ਚੈਰੀਟੇਬਲ ਟਰੱਸਟ ਫ਼ਰੀਦਕੋਟ ਵੱਲੋ ਇੱਕ ਖੂਬਸੂਰਤ ਸਮਾਗਮ ਅਯੋਜਿਤ ਕੀਤਾ। ਜਿਸ ਵਿਚ ਵੱਖ-ਵੱਖ ਖੇਤਰ ਵਿੱਚ ਨਾਮਣਾ ਖੱਟ ਚੁੱਕੀਆਂ ਪ੍ਰਤਿਭਾਸ਼ਾਲੀ ਔਰਤਾਂ ਦਾ 'ਸਵਿੱਤਰੀ ਬਾਈ ਫੂਲੇ ਅਵਾਰਡ' ਦੇ ਨਾਲ ਵਿਸੇਸ਼ ਸਨਮਾਨ ਕੀਤਾ ਗਿਆ।

ਇਸ ਸਮਾਗਮ ਦੌਰਾਨ 'ਕਲਮਾਂ ਦੇ ਰੰਗ ਸਾਹਿਤ ਸਭਾ(ਰਜਿ) ਫ਼ਰੀਦਕੋਟ ਦੀਆਂ ਚਾਰ ਪ੍ਰਤਿਭਾਸ਼ਾਲੀ ਮਹਿਲਾ ਮੈਡਮ ਮਮਤਾ , ਮੈਡਮ ਕਰਮਜੀਤ ਕੌਰ , ਮੈਡਮ ਨਰਿੰਦਰ ਕੌਰ ਤੇ ਸਭਾ ਦੇ ਖ਼ਜਾਨਚੀ ਦੀ ਬੇਟੀ ਅਰਮਾਨਦੀਪ ਕੌਰ ਨੂੰ ਆਪਣੇ ਖੇਤਰ ਵਿੱਚ ਨਾਮਣਾ ਖੱਟਣ ਤੇ ਵਿਸੇਸ਼ ਸਨਮਾਨ ਕੀਤਾ ਗਿਆ। ਇਸ ਤੇ ਸਮੁੱਚੀ ਸਭਾ ਵੱਲੋ ਟਰੱਸਟ ਦੇ ਸੰਸਥਾਪਕ ਜਸਦੀਸ਼ ਢੋਸੀਵਾਲ ਤੇ ਪ੍ਰਧਾਨ ਜਸਦੀਸ਼ ਭਾਰਤੀ ਜੀ ਦਾ ਧੰਨਵਾਦ ਕੀਤਾ ਗਿਆ।

ਇਸ ਤੇ ਸਭਾ ਦੇ ਪ੍ਰਧਾਨ ਸ਼ਿਵਨਾਥ ਦਰਦੀ , ਚੇਅਰਮੈਨ ਬੀਰ ਇੰਦਰ ਸਰਾਂ , ਜਰਨਲ ਸਕੱਤਰ ਜਸਵਿੰਦਰ ਜੱਸ, ਖਜਾਨਚੀ ਕਸ਼ਮੀਰ ਮਾਨਾ , ਸੁਖਵੀਰ ਬਾਬਾ ,ਸੀਨੀਅਰ ਮੀਤ ਪ੍ਰਧਾਨ ਸਰਬਿੰਦਰ ਸਿੰਘ ਬੇਦੀ, ਕਾਨੂੰਨੀ ਸਲਾਹਕਾਰ ਐਡਵੋਕੇਟ ਪ੍ਰਦੀਪ ਅਟਵਾਲ, ਮੀਤ ਪ੍ਰਧਾਨ ਰਾਜ ਗਿੱਲ ਭਾਣਾ, ਗੁਰਜੀਤ ਸਿੰਘ ਹੈਰੀ ਢਿਲੋ , ਕੇ.ਪੀ ਸਰਾਂ, ਕਾਮਰੇਡ ਵੀਰ ਸਿੰਘ ਕੰਮੇਆਣਾ , ਬਲਕਾਰ ਸਿੰਘ ਸਹੋਤਾ, ਗੁਰਦੀਪ ਸਿੰਘ ਕੰਮੇਆਣਾ , ਅਸੀਸ ਕੁਮਾਰ ਆਦਿ ਹਾਜ਼ਰ ਸਨ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਡਾ. ਅਨਿਲ ਬਹਿਲ ਜੀ ਦਾ ਗ਼ਜ਼ਲ ਸੰਗ੍ਰਹਿ 'ਗੁੱਝੀਆਂ ਰਮਜ਼ਾਂ ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ 9 ਮਾਰਚ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਟੀ.ਐੱਸ.ਸੈਂਟਰਲ ਸਟੇਟ ਲਾਇਬ੍ਰੇਰੀ ਦੇ ਸਹਿਯੋਗ ਨਾਲ ਡਾ. ਅਨਿਲ ਬਹਿਲ ਦਾ ਦੂਜਾ ਗਜ਼ਲ ਸੰਗ੍ਰਹਿ ਗੁੱਝੀਆਂ ਰਮਜ਼ਾਂ 'ਲੋਕ ਅਰਪਣ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸ੍ਰੀ ਗੁਰਦਿਆਲ ਰੌਸ਼ਨ (ਪ੍ਰਸਿੱਧ ਉਸਤਾਦ ਗ਼ਜ਼ਲਗੋ),ਜੇ.ਐੱਸ ਖੁਸ਼ਦਿਲ (ਸਾਬਕਾ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ)ਡਾ.ਅਵਤਾਰ ਸਿੰਘ ਪਤੰਗ(ਪ੍ਰਸਿੱਧ ਵਿਦਵਾਨ)ਕੇਂਦਰ ਦੇ ਪ੍ਰਧਾਨ ਸ. ਗੁਰਦਰਸ਼ਨ ਸਿੰਘ ਮਾਵੀ,ਜਸਪਾਲ ਸਿੰਘ ਦੇਸੂਵੀ(ਪ੍ਰਸਿੱਧ ਸ਼ਾਇਰ)ਅਤੇ ਦਵਿੰਦਰ ਕੌਰ ਢਿੱਲੋਂ ਸ਼ਾਮਿਲ ਸਨ ।ਸ. ਗੁਰਦਰਸ਼ਨ ਸਿੰਘ ਮਾਵੀ ਨੇ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਚਾਨਣਾ ਪਾਇਆ ਅਤੇ ਆਏ ਹੋਏ ਪਤਵੰਤੇ ਸੱਜਣਾਂ ਨੂ ਜੀ ਆਇਆਂ ਕਿਹਾ ।






ਸਮਾਗਮ ਦਾ ਆਗਾਜ਼ ਸੁਰਜੀਤ ਸਿੰਘ ਧੀਰ ਦੇ ਸ਼ਬਦ ਗਾਇਨ ਨਾਲ ਹੋਇਆ । ਡਾ. ਅਵਤਾਰ ਸਿੰਘ ਪਤੰਗ ਨੇ ਲੇਖਕ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗਜ਼ਲ ਦਾ ਸਬੰਧ ਖਿਆਲਾਂ ਤੇ ਵਲਵਲਿਆਂ ਨਾਲ ਹੈ ।ਪਾਲ ਅਜਨਬੀ ਨੇ ਕਿਤਾਬ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸ. ਜਸਪਾਲ ਦੇਸੂਵੀ ਨੇ ਕਿਹਾ ਕਿ ਗਜ਼ਲ ਇੱਕ ਨਾਜ਼ੁਕ ਵਿਧਾ ਹੈ। ਜਿਹੜੀ ਗੁਣਗੁਣਾਈ ਨਾ ਜਾ ਸਕੇ ਉਹ ਗਜ਼ਲ ਨਹੀਂ। ਡਾ. ਸੁਨੀਲ ਬਹਿਲ ਨੇ ਭਾਸ਼ਾ ਬਾਰੇ ਦੱਸਦਿਆਂ ਕਿਹਾ ਕਿ ਪੰਜਾਬੀ ਤੇ ਸੰਸਕ੍ਰਿਤ ਦਾ ਬਹੁਤ ਨੇੜਲਾ ਰਿਸ਼ਤਾ ਹੈ । ਜੇ.ਐੱਸ ਖੁਸ਼ਦਿਲ ਨੇ ਕਿਹਾ ਕਿ ਅੱਜ ਕੱਲ ਗੁਰੂ ਚੇਲੇ ਦੀ ਪਰੰਪਰਾ ਘਟਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਿਨਾਂ ਉਸਤਾਦ ਤੋਂ ਗਜ਼ਲ ਲਿਖਣਾ ਔਖਾ ਹੈ। ਡਾ. ਅਨਿਲ ਬਹਿਲ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ ਅਤੇ ਆਪਣੀਆਂ ਪਸੰਦੀਦਾ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ।ਨਰਿੰਦਰ ਕੌਰ ਲੌਂਗੀਆ ,ਵਿੰਦਰ ਮਾਝੀ, ਡਾ. ਮਨਜੀਤ ਸਿੰਘ ਬੱਲ, ਬਲਵਿੰਦਰ ਸਿੰਘ ਢਿੱਲੋਂ,ਜਗਤਾਰ ਜੋਗ,ਦਰਸ਼ਨ ਤਿਉਣਾ,ਸ. ਦਰਸ਼ਨ ਸਿੰਘ ਸਿੱਧੂ ਹਰਿੰਦਰ ਹਰ,ਜਗਤਾਰ ਜੋਗ ਅਤੇ ਦਵਿੰਦਰ ਕੌਰ ਢਿੱਲੋਂ ਨੇ ਕਿਤਾਬ ਵਿੱਚੋਂ ਬਹੁਤ ਹੀ ਖੂਬਸੂਰਤ ਗ਼ਜ਼ਲਾਂ ਤਰੰਨਮ ਵਿੱਚ ਸਰੋਤਿਆਂ ਦੀ ਨਜ਼ਰ ਕੀਤੀਆਂ ।ਸ੍ਰੀ ਗੁਰਦਿਆਲ ਰੌਸ਼ਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਆਖਿਆ ਕਿ ਭਾਸ਼ਾਵਾਂ ਕਦੀ ਨਫ਼ਰਤ ਨਹੀਂ ਫੈਲਾਉਂਦੀਆਂ ਸਗੋਂ ਗਲ ਨਾਲ ਲਾਉਂਦੀਆਂ ਹਨ । ਉਹਨਾਂ ਨੇ ਇਹ ਵੀ ਕਿਹਾ ਕਿ ਸ਼ਬਦਾਂ ਨੂੰ ਘੜਨ ਦੀ ਕਲਾ ਆਉਣੀ ਚਾਹੀਦੀ ਹੈ। ਅੰਤ ਵਿੱਚ ਡਾ. ਮਨਜੀਤ ਬੱਲ ਨੇ ਆਏ ਹੋਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦਵਿੰਦਰ ਕੌਰ ਢਿੱਲੋਂ ਨੇ ਬਾਖੂਬੀ ਨਿਭਾਇਆ ।ਇਸ ਸਮਾਗਮ ਵਿੱਚ ਪ੍ਰਸਿੱਧ ਗ਼ਜ਼ਲਗੋ ਸ੍ਰੀ ਮਤੀ ਹਰਬੰਸ ਕੌਰ ਗਿੱਲ,ਪ੍ਰੋਫੈਸਰ ਗੁਰਦੇਵ ਸਿੰਘ ਗਿੱਲ,ਜਸਵੀਰਪਾਲ ਸਿੰਘ ਬੈਂਸ,ਸਾਗਰ ਭੂਰੀਆ ,ਗੁਰਮੀਤ ਖਰੜ,ਅੰਸ਼ੁਕਰ ਮਹੇਸ਼,ਸਿੰਮੀ ਮੁਹਾਲੀ,ਡਾ. ਮਨਜੀਤ ਸਿੰਘ ਮਝੈਲ,ਸੁਦਰਸ਼ਨ ਕੌਰ ਮਝੈਲ,ਬਲਜਿੰਦਰ ਸਿੰਘ ਧਾਲੀਵਾਲ,ਰਾਜਵਿੰਦਰ ਸਿੰਘ ਗੱਡੂ,ਰਜਿੰਦਰ ਸਿੰਘ ਧੀਮਾਨ,ਸੁਰਿੰਦਰ ਕੁਮਾਰ ਸੁਰਿੰਦਰ,ਲਾਭ ਸਿੰਘ ਲਹਿਲੀ,ਵਰਿੰਦਰ ਚੱਠਾ,ਮਲਕੀਤ ਸਿੰਘ ਨਾਗਰਾ,ਗੁਰਦਾਸ ਸਿੰਘ ਦਾਸ,ਕਰਨੈਲ ਸਿੰਘ,ਸਵਰਨਜੀਤ ਸਿੰਘ ਅਤੇ ਪਰਲਾਦ ਸਿੰਘ ਸ਼ਾਮਿਲ ਹੋਏ।

## ਪਿੰਡ ਸੰਧਵਾਂ ਦੇ ਸੁੰਦਰੀਕਰਨ ਤਹਿਤ ਮੇਨ ਰੋਡ 'ਤੇ ਪਾਰਕ ਦਾ ਨਿਰਮਾਣ ਕੀਤਾ ਜਾਵੇਗਾ : ਧਾਲੀਵਾਲ/ਕੁਸਲਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 9 ਮਾਰਚ : ਨੇੜਲੇ ਪਿੰਡ ਸੰਧਵਾਂ ਦੇ ਮੇਨ ਰੋਡ ਦੇ ਸੁੰਦਰੀਕਰਨ, ਪਾਰਕ ਬਣਾਉਣ, ਸਟਰੀਟ ਲਾਈਟਾਂ ਲਾਉਣ ਅਤੇ ਹੋਰ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ ਮਨਪ੍ਰੀਤ ਸਿੰਘ ਮਣੀ ਧਾਲੀਵਾਲ ਪੀ.ਆਰ.ਓ. ਅਤੇ ਸ੍ਰੀ ਸਾਧੂ ਰਾਮ ਕੁਸਲਾ ਓ.ਐੱਸ.ਡੀ. ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿੰਡ ਸੰਧਵਾਂ ਦੇ ਮੇਨ ਰੋਡ 'ਤੇ ਇਕ ਸੁੰਦਰ ਪਾਰਕ ਦਾ ਨਿਰਮਾਣ ਕੀਤਾ ਜਾਵੇਗਾ। ਇਸ ਨਾਲ ਪਿੰਡ ਦੇ ਵਾਤਾਵਰਣ ਨੂੰ ਸੁੰਦਰ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਸੈਰ-ਸਪਾਟੇ ਲਈ ਵੀ ਵਧੀਆ ਥਾਂ ਮਿਲੇਗੀ। ਉਨ੍ਹਾਂ ਦੱਸਿਆ ਕਿ ਪਿੰਡ ਦੀ ਗ੍ਰਾਮ ਪੰਚਾਇਤ, ਸਰਪੰਚ ਗੁਰਪ੍ਰੀਤ ਸਿੰਘ ਅਤੇ ਸਰਪੰਚ ਮੁਖਤਿਆਰ ਸਿੰਘ ਦੇ ਸਹਿਯੋਗ ਨਾਲ ਮੇਨ ਰੋਡ ਦੀ ਸਫਾਈ ਕਰਵਾ ਕੇ ਜੰਗਲਾਤ ਵਿਭਾਗ ਵੱਲੋਂ ਸਜਾਵਟੀ ਰੁੱਖ ਅਤੇ ਫੁੱਲਦਾਰ ਵੇਲਾਂ ਲਗਾ ਕੇ ਇਲਾਕੇ ਦਾ ਸੁੰਦਰੀਕਰਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਿੰਡ ਵਿੱਚ ਸਟਰੀਟ ਲਾਈਟਾਂ ਅਤੇ ਹੋਰ ਬੁਨਿਆਦੀ ਸੁਵਿਧਾਵਾਂ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡ ਦੇ ਲੋਕਾਂ ਨੂੰ ਵਧੀਆ ਸਹੂਲਤਾਂ ਮਿਲ ਸਕਣ। ਇਸ ਦੌਰਾਨ ਬਸਤੀ ਨਾਨਕਸਰ ਸੰਧਵਾਂ ਦੇ ਵਾਸੀਆਂ ਨੇ ਸਪੀਕਰ ਸੰਧਵਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਬਸਤੀ ਨਾਨਕਸਰ ਦੇ ਛੱਪੜ ਦਾ ਪਾਣੀ ਓਵਰਫਲੋ ਹੋ ਕੇ ਲੋਕਾਂ ਦੇ ਘਰਾਂ ਵਿੱਚ ਵੜ ਰਿਹਾ ਸੀ ਅਤੇ ਬਿਮਾਰੀਆਂ ਦਾ ਕਾਰਨ ਬਣ ਰਿਹਾ ਸੀ। ਹੁਣ ਸਰਦਾਰ ਸੰਧਵਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਇਸ ਸਮੱਸਿਆ ਦਾ ਹੱਲ ਕੀਤੇ ਜਾਣ ਕਾਰਨ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਪਿੰਦਰ ਸੰਧਵਾਂ, ਦਲੀਪ ਸਿੰਘ, ਪੰਚਾਇਤ ਸਕੱਤਰ ਅਤੇ ਨਰੇਗਾ ਗ੍ਰਾਮ ਸੇਵਕ ਵੀ ਮੌਜੂਦ ਸਨ।

## ਲਾਰਡ ਬੁੱਧਾ ਚੈਰੀਟੇਬਲ ਟਰੱਸਟ ਨੇ ਅੰਤਰਰਾਸ਼ਟਰੀ ਇਸਤਰੀ ਦਿਵਸ ਮਨਾਇਆ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ

ਫ਼ਰੀਦਕੋਟ 9 ਮਾਰਚ : ਕਰੀਬ ਪਿਛਲੇ ਪੈਂਤੀ ਸਾਲਾਂ ਤੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਮੋਹਰੀ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਅੰਤਰਰਾਸ਼ਟਰੀ ਇਸਤਰੀ ਦਿਵਸ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਗਿਆ। ਸਥਾਨਕ ਫਰੀਦਕੋਟ ਕਲੱਬ ਵਿਖੇ ਹੋਏ ਵਿਸ਼ੇਸ਼ ਸਮਾਗਮ ਦੀ ਪ੍ਰਧਾਨਗੀ ਮੈਡਮ ਹੀਰਾਵਤੀ ਨਾਇਬ ਤਹਿਸੀਲਦਾਰ (ਰ) ਅਤੇ ਮੈਡਮ ਸ਼ਾਂਤੀ ਦੇਵੀ ਸੁਪਰਡੈਂਟ ਗ੍ਰੇਡ-1 (ਰ) ਨੇ ਸਾਂਝੇ ਤੌਰ 'ਤੇ ਕੀਤੀ। ਪ੍ਰਸਿੱਧ ਸਮਾਜ ਸੇਵਕ ਅਤੇ ਸੇਵਾ ਨਿਯਮਾਂ ਦੇ ਮਾਹਿਰ, ਵਿੱਤ ਵਿਭਾਗ ਵਿੱਚੋਂ ਸੇਵਾ ਮੁਕਤ ਜੁਆਇੰਟ ਕੰਟਰੋਲਰ ਓ.ਪੀ. ਚੌਧਰੀ ਦੀ ਧਰਮ ਪਤਨੀ ਮੈਡਮ ਵਿਦਿਆ ਚੌਧਰੀ ਸਮਾਗਮ ਦੇ ਚੀਫ ਗੈਸਟ ਸਨ। ਗੋਲਡ ਮੈਡਲਿਸਟ ਐਥਲੀਟ ਪ੍ਰਿੰ. ਬਖਸ਼ੀਸ਼ ਕੌਰ ਸਮਾਰੋਹ ਦੌਰਾਨ ਗੈਸਟ ਆਫ ਔਨਰ ਅਤੇ ਸਮਾਜ ਸੇਵਾ ਵਿੱਚ ਮੋਹਰੀ ਪਰਿਵਾਰ ਦੀ ਪ੍ਰੋ. ਆਸਥਾ ਖਿੱਚੀ ਨੇ ਸਪੈਸ਼ਲ ਗੈਸਟ ਵਜੋਂ ਸ਼ਿਰਕਤ ਕੀਤੀ। ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ, ਜਿਲ੍ਹਾ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ, ਜਨਰਲ ਸਕੱਤਰ ਮਲਕੀਤ ਸਿੰਘ ਮੰਮਨ ਅਤੇ ਸਥਾਨਕ ਸ੍ਰੀ ਗੁਰੂ ਰਵਿਦਾਸ ਸੁਸਾਇਟੀ (ਰਜਿ.) ਦੇ ਪ੍ਰਧਾਨ ਮਿਸ਼ਨ ਸਹਿਯੋਗੀ ਮਨਜੀਤ ਖਿੱਚੀ , ਪ੍ਰਸਿਧ ਸਮਾਜ ਸੇਵਕ ਕੇ.ਪੀ.ਐੱਸ.ਸਰਾਂ,ਇਸਤਰੀ ਆਗੂ, ਮੰਜੂ ਸੁਖੀਜਾ ਆਦਿ ਵੀ ਸਮਾਰੋਹ ਵਿੱਚ ਸ਼ਾਮਿਲ ਹੋਏ। ਸਮਾਰੋਹ ਦੇ ਸ਼ੁਰੂ ਵਿੱਚ ਟਰੱਸਟ ਦੀ ਜਿਲ੍ਹਾ ਚੀਫ ਪੈਟਰਨ ਮੈਡਮ ਹੀਰਾਵਤੀ ਦੇ ਸਹੁਰਾ ਸਾਹਿਬ , ਸੀਨੀਅਰ ਆਗੂ ਸ੍ਰੀ ਕ੍ਰਿਸ਼ਨ ਆਰ.ਏ. ਦੇ ਸਤਿਕਾਰਤ ਪਿਤਾ ਸ੍ਰੀ ਰਾਮਜੀ ਲਾਲ ਅਤੇ ਸੀਨੀਅਰ ਮੈਂਬਰ ਮਨਜੀਤ ਕੌਰ ਦੀ ਚਾਚੀ ਰੁਕਮਣੀ ਦੇਵੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੋ ਮਿੰਟ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ




ਸਮਾਰੋਹ ਸਮੇਂ ਸਮਾਜ ਸੇਵਾ ਵਿੱਚ ਵਧੀਆ ਯੋਗਦਾਨ ਪਾਉਣ ਅਤੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਨਿਰਮਲਜੀਤ ਕੌਰ, ਸੁਖਜੀਤ ਕੌਰ, ਬਿਮਲਾ ਢੋਸੀਵਾਲ, ਪ੍ਰੋ. ਵੰਦਨਾ ਢੋਸੀਵਾਲ,ਕ੍ਰਸ਼ਨ, ਪਰਮਜੀਤ ਤੇਜੀ, ਸੁਖਵਿੰਦਰ ਸੁੱਖੀ, ਨੇਹਾ, ਅਰਮਾਨਦੀਪ ਕੌਰ, ਪ੍ਰੇਮ ਲਤਾ ਖਿੱਚੀ, ਕਮਲਾ ਬਰਮੋਤਾ,ਪਰਵੰਤਾ ਭਾਰਤੀ, ਨਰਿੰਦਰ ਕੌਰ, ਸ਼ਮੀਮ ਅਖਤਰ, ਪਾਇਲ ਖੁਰਾਣਾ, ਮੈਡਮ ਮਮਤਾ, ਪ੍ਰਿੰ: ਸੁਰਿੰਦਰ ਪਾਲ ਕੌਰ ਸਰਾਂ, ਮੰਜੂ ਸੁਖੀਜਾ, ਗੁਰਲੀਨ ਕੌਰ ਬਬਰਾ, ਪਰਮਜੀਤ ਕੌਰ, ਰੁਪਿੰਦਰ ਕੌਰ, ਰਵਿੰਦਰ ਕੌਰ ਮੰਮਣ, ਸੁਨੀਤਾ ਰਾਣੀ, ਸੁਰਿੰਦਰ ਕੌਰ, ਕਮਲੇਸ਼ ਕਾਂਤਾ, ਦਰਸ਼ਨਾ, ਵਿਜੇ ਕੁਮਾਰੀ, ਕਿਰਨ ਸੁਖੀਜਾ, ਕਰਮਜੀਤ ਕੌਰ,ਡਾ. ਰਸ਼ਿਮ, ਡਾ. ਨਵਜੋਤ ਕੌਰ, ਸ਼ਕੁੰਤਲਾ ਦੇਵੀ, ਰਾਣੀ ਦੇਵੀ, ਡਾ. ਰੂਪਲ, ਮੰਜੂ ਸੁਖੀਜਾ, ਪਰਮਿੰਦਰ ਕੌਰ, ਪਰਮਜੀਤ ਕੌਰ ਅਤੇ ਸਰਬਜੀਤ ਕੌਰ ਆਦਿ ਸਮੇਤ 42 ਔਰਤਾਂ ਨੂੰ 'ਮਾਤਾ ਸਵਿੱਤਰੀ ਬਾਈ ਫੂਲੇ ਅਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੌਰਾਨ ਚੀਫ ਗੈਸਟ ਮੈਡਮ ਚੌਧਰੀ ਸਮੇਤ ਹੋਰਨਾਂ ਸਭਨਾਂ ਬੁਲਾਰਿਆਂ ਨੇ ਅੰਤਰਰਾਸ਼ਟਰੀ ਇਸਤਰੀ ਦਿਵਸ ਦੀ ਵਧਾਈ ਦਿੰਦੇ ਹੋਏ ਟਰੱਸਟ ਵੱਲੋਂ ਕੀਤੇ ਗਏ ਇਸ ਸ਼ਾਨਦਾਰ ਸਮਾਗਮ ਦੀ ਸਫਲਤਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਸਮਾਰੋਹ ਦੌਰਾਨ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਸਨਮਾਨਿਤ ਕੀਤੀਆਂ ਗਈਆਂ ਸਾਰੀਆਂ ਲੜਕੀਆਂ ਅਤੇ ਔਰਤਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਉੱਜਲੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਅੱਗੇ ਕਿਹਾ ਕਿ ਨਿਗਰ ਅਤੇ ਸਥਿਰ ਸਮਾਜ ਦੀ ਸਿਰਜਨਾ ਵਿੱਚ ਔਰਤ ਦਾ ਮਹੱਤਵਪੂਰਨ ਰੋਲ ਹੁੰਦਾ ਹੈ। ਸਮਾਰੋਹ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ। ਇਸਦੇ ਨਾਲ ਹੀ ਪ੍ਰਸ਼ਨ-ਉੱਤਰ ਮੁਕਾਬਲਾ ਵੀ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਮੌਕੇ 'ਤੇ ਹੀ ਇਨਾਮ ਵੰਡੇ ਗਏ। ਅੱਜ ਦੇ ਸਮਾਰੋਹ ਦੌਰਾਨ ਦਿਲ ਪ੍ਰੇਮ ਸਿੰਘ ਭੋਲਾ, ਰਾਕੇਸ਼ ਕੁਮਾਰ ਏ.ਐੱਸ.ਆਈ., ਸ਼ੰਕਰ ਦਾਸ ਏ.ਐੱਸ.ਆਈ., ਡਾ. ਸੋਹਨ ਲਾਲ ਨਿਗਾਹ, ਗੋਵਿੰਦ ਕੁਮਾਰ, ਪ੍ਰਿੰ. ਸਤਪਾਲ ਬਰਮੋਤਾ, ਗੋਪਾਲ ਕ੍ਰਿਸ਼ਨ ਬੇਦੀ, ਸ੍ਰੀ ਕ੍ਰਿਸ਼ਨ ਆਰ.ਏ., ਪੰਜਾਬੀ ਕਵੀ ਤੇ ਫਿਲਮ ਜਰਨਲਿਸਟ ਸ਼ਿਵ ਨਾਥ ਦਰਦੀ, ਐਡਵੋਕੇਟ ਪ੍ਰਦੀਪ ਸਿੰਘ ਅਟਵਾਲ,ਮਾਧਵ, ਗੋਵਿੰਦ,ਨਿਆਬ ਕੌਰ , ਪੁਸ਼ਪਾ ਖਿੱਚੀ,ਰਿਧੀ ਖਿੱਚੀ,ਅਮਰੀਨ, ਸ਼ਕੁੰਤਲਾ ਦੇਵੀ ਪਤਨੀ ਰਮੇਸ਼ ਕੁਮਾਰ, ਰਜ਼ੀਆ,ਗੁਰਸਾਂਝ, ਕਸ਼ਮੀਰ ਸਿੰਘ, ਜਸਵਿੰਦਰ ਜੱਸ,ਜਸਬੀਰ ਸਿੰਘ ਸੀਨੀਅਰ ਮੈਨੇਜਰ, ਮਨਜਿੰਦਰ,ਕੌਰ,ਗੁਲਨਾਜ਼,ਯੁਵਾਨ ਭਾਰਤੀ ਅਤੇ ਗਨਿਸ਼ਕਾ ਆਦਿ ਮੌਜੂਦ ਸਨ। ਸਮਾਰੋਹ ਦੀ ਸਮਾਪਤੀ ਉਪਰੰਤ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਸ਼ਹਿਰ ਅੰਦਰ ਮਨਾਏ ਗਏ ਇਸ ਪ੍ਰਭਾਵ ਸ਼ਾਲੀ ਸਮਾਰੋਹ ਨੇ ਮੌਜੂਦ ਮੈਂਬਰਾਂ ਦੇ ਮਨਾਂ ਵਿੱਚ ਅਮਿੱਟ ਛਾਪ ਛੱਡੀ।

## ਦਮਦਮੀ ਟਕਸਾਲ ਦੇ ਵਿਦਿਆਰਥੀਆਂ ਵੱਲੋਂ ਬਾਬੇ ਧੁੰਮੇ ਨੂੰ ਪੰਥ 'ਚੋਂ ਛੇਕਣ ਦੀ ਮੰਗ, ਜਥੇਦਾਰ ਗੜਗੱਜ ਦਾ ਕੀਤਾ ਧੰਨਵਾਦ


ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ, 9 ਮਾਰਚ : ਦਮਦਮੀ ਟਕਸਾਲ ਦੇ ਵਿਦਿਆਰਥੀਆਂ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਧੰਨਵਾਦ ਕਰਦਿਆਂ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਪੰਥ 'ਚੋਂ ਛੇਕਣ ਦੀ ਮੰਗ ਕੀਤੀ ਹੈ। ਜਾਰੀ ਬਿਆਨ ਵਿੱਚ ਦਮਦਮੀ ਟਕਸਾਲ ਦੇ ਵਿਦਿਆਰਥੀਆਂ ਤੇ ਪੰਥਕ ਆਗੂਆਂ ਭਾਈ ਲਹਿਣਾ ਸਿੰਘ ਤਲਵੰਡੀ ਬਖਤਾ, ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਰਣਜੀਤ ਸਿੰਘ (ਪ੍ਰਧਾਨ ਫੈਡਰੇਸ਼ਨ ਭਿੰਡਰਾਂਵਾਲਾ), ਭਾਈ ਜਸਵਿੰਦਰ ਸਿੰਘ ਨਿਹੰਗ, ਭਾਈ ਬਲਜੀਤ ਸਿੰਘ ਘੋਲੀਆ, ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਦਲਜੀਤ ਸਿੰਘ ਕੈਨੇਡਾ ਤੇ ਹੋਰਾਂ ਨੇ ਸਾਂਝੇ ਰੂਪ 'ਚ ਕਿਹਾ ਕਿ ਪਿਛਲੇ ਦਿਨੀਂ ਦਮਦਮੀ ਟਕਸਾਲ ਦੇ ਮਹਿਤਾ ਧੜੇ ਦੇ ਮੁਖੀ ਅਖਵਾਉਂਦੇ ਬਾਬਾ ਹਰਨਾਮ ਸਿੰਘ ਧੁੰਮਾ ਨੇ ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਦਿਵਸ ਦੇ ਸੰਬੰਧ 'ਚ ਮਹਾਂਰਾਸ਼ਟਰ ਦੀ ਬੀਜੇਪੀ ਸਰਕਾਰ ਨਾਲ ਮਿਲ ਕੇ ਨਾਗਪੁਰ, ਨੰਦੇੜ ਤੇ ਮੁੰਬਈ 'ਚ ਸਮਾਗਮ ਕਰਵਾਏ ਜਿੱਥੇ ਸਿੱਖੀ ਮਰਯਾਦਾ, ਸਿਧਾਂਤਾਂ ਅਤੇ ਪ੍ਰੰਪਰਾ ਦੀਆਂ ਧੱਜੀਆਂ ਉਡਾਈਆਂ ਗਈਆਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਚੁਣੌਤੀ ਦਿੱਤੀ ਗਈ ਤੇ ਸਿੱਖਾਂ ਦੀ ਵੱਖਰੀ ਹੋਂਦ-ਹਸਤੀ, ਨਿਆਰੇਪਨ ਅਤੇ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਉੱਤੇ ਮਾਰੂ ਹਮਲੇ ਕੀਤੇ ਗਏ ਜੋ ਕਿਸੇ ਵੀ ਸਿੱਖ ਲਈ ਬਰਦਾਸ਼ਤਯੋਗ ਨਹੀਂ ਹੈ। ਉਹਨਾਂ ਕਿਹਾ ਕਿ ਮੁੰਬਈ ਸਮਾਗਮ 'ਚ ਬਾਗੇਸ਼ਵਰ ਧਾਮ ਵਾਲੇ ਪੰਡਿਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਨੇ ਬੋਲਦਿਆਂ ਕਿਹਾ ਕਿ "ਸਿੱਖ ਹਿੰਦੂਆਂ ਨਾਲੋਂ ਵੱਖਰੇ ਨਹੀਂ ਹਨ ਤੇ ਅਬ ਤਨਾਤਨੀ ਵਾਲੇ ਸਿੱਖ ਵੀ ਸਨਾਤਨੀ ਬਣ ਰਹੇਂ ਹੈ" ਜਿਸ ਉੱਤੇ ਬਾਬੇ ਧੁੰਮੇ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਪ੍ਰਗਟਾਈ ਜੋ ਸਿੱਖ ਕੌਮ, ਮੌਜੂਦਾ ਸਿੱਖ ਸੰਘਰਸ਼ ਤੇ ਸਾਡੇ ਸ਼ਹੀਦਾਂ-ਯੋਧਿਆਂ ਦਾ ਅਪਮਾਨ ਹੈ ਜਿਸ ਦਾ ਜਵਾਬ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ ਮਹੱਲੇ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਾਖੂਬੀ ਦਿੱਤਾ ਤੇ ਸਮੁੱਚੀ ਕੌਮ ਨੇ ਜਥੇਦਾਰ ਦੇ ਬਿਆਨ ਨੂੰ ਸਲਾਹਿਆ ਤੇ ਅਸੀਂ ਵੀ ਸ਼ਲਾਘਾ ਕਰਦਿਆਂ ਧੰਨਵਾਦ ਕਰਦੇ ਹਾਂ। ਮੁੰਬਈ ਸਮਾਗਮ ਵਿੱਚ ਬਾਬਾ ਧੁੰਮਾਂ ਵੱਲੋਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਸਨਮਾਨ ਵੀ ਕੀਤਾ ਗਿਆ ਜਿਸ ਨੇ ਪਾਰਲੀਮੈਂਟ ਵਿੱਚ ਆਪਣੇ ਭਾਸ਼ਣ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਅਸਾਮ ਜੇਲ੍ਹ 'ਚ ਬੰਦ ਕਰਨ ਦੀ ਗੱਲ ਕਬੂਲੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਿਸ ਉਪਰੰਤ ਸ਼੍ਰੋਮਣੀ ਕਮੇਟੀ ਨੇ ਅਮਿਤ ਸ਼ਾਹ ਖ਼ਿਲਾਫ਼ ਮਤਾ ਵੀ ਪਾਇਆ। ਵਿਦੇਸ਼ਾਂ ਵਿੱਚ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ ਨੂੰ ਸ਼ਹੀਦ ਕਰਨ ਤੇ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨ ਵਿੱਚ ਵੀ ਅਮਿਤ ਸ਼ਾਹ ਦੋਸ਼ੀ ਹੈ। ਬਾਬੇ ਧੁੰਮੇ ਵੱਲੋਂ ਸਮਾਗਮਾਂ ਦੀ ਆੜ ਹੇਠ ਸਿੱਖ ਵਿਰੋਧੀ ਅਨਸਰਾਂ ਅਤੇ ਫ਼ਿਰਕੂ ਹਿੰਦੂਤਵੀਆਂ ਦਾ ਪ੍ਰਚਾਰ, ਹਿੰਦੂ ਕਰਮਕਾਂਡਾਂ ਨੂੰ ਬੜਾਵਾ ਅਤੇ ਸਿੱਖੀ ਸਿਧਾਂਤਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਨਾਗਪੁਰ ਸਮਾਗਮ ਦੌਰਾਨ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਤੌਹੀਨ ਕਰਦਿਆਂ ਗੁਰੂ ਦੀ ਹਜ਼ੂਰੀ ਵਿੱਚ ਬੈਂਚ ਲਗਾ ਕੇ ਬਾਬਾ ਧੁੰਮਾ ਸਿਆਸੀ ਆਗੂਆਂ ਨਾਲ ਲੱਤਾਂ ਲਮਕਾ ਕੇ ਬੈਠਿਆ ਸੀ ਜਿਸ ਦੀ ਅਸੀਂ ਲਿਖਤੀ ਸ਼ਿਕਾਇਤ ਜਥੇਦਾਰ ਨੂੰ ਸੌਂਪੀ ਸੀ। ਦਮਦਮੀ ਟਕਸਾਲ ਦੇ ਸਮੂਹ ਵਿਦਿਆਰਥੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਮੰਗ ਕੀਤੀ ਕਿ ਬਾਬਾ ਹਰਨਾਮ ਸਿੰਘ ਦੀਆਂ ਪੰਥ ਵਿਰੋਧੀ ਗਤੀਵਿਧੀਆਂ ਕਰਕੇ ਉਸਨੂੰ ਤੁਰੰਤ ਖ਼ਾਲਸਾ ਪੰਥ ਵਿੱਚੋਂ ਛੇਕਿਆ ਜਾਵੇ। ਬਿਆਨ ਵਿੱਚ ਰਾਗੀ ਬਲਜੀਤ ਸਿੰਘ ਕੈਨੇਡਾ, ਭਾਈ ਦਵਿੰਦਰ ਸਿੰਘ ਲਾਡੀ, ਭਾਈ ਤਰਨਦੀਪ ਸਿੰਘ ਟਾਟਾ, ਭਾਈ ਯਾਦਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਬੁੱਟਰ, ਗਿਆਨੀ ਸਿਮਰਨਜੀਤ ਸਿੰਘ ਅੰਮ੍ਰਿਤਸਰ, ਭਾਈ ਸਤਨਾਮ ਸਿੰਘ ਭੰਗੂ, ਭਾਈ ਹਰਪ੍ਰੀਤ ਸਿੰਘ ਅਸਟਰੀਆ, ਭਾਈ ਗੁਰਦੀਪ ਸਿੰਘ ਲੋਹਾਰਾ, ਭਾਈ ਜਗਜੀਤ ਸਿੰਘ ਲੁਧਿਆਣਾ, ਗੁਰਮੀਤ ਸਿੰਘ ਬਟਾਲਾ, ਨਿਰਮਲ ਸਿੰਘ ਵਡਾਲਾ, ਗੁਰਜੀਤ ਸਿੰਘ ਘੈਂਟ ਆਦਿ ਨਾਮ ਸ਼ਾਮਲ ਹਨ।

## ਬੇਅਦਬੀਆਂ ਨਹੀਂ, ਸਾਡੇ ਗੁਰੂ ਉਤੇ ਹਮਲੇ...

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ



ਪੰਜਾਬ ਵਿੱਚ ਵਾਪਰ ਰਹੀਆਂ ਬੇਅਦਬੀ ਦੀਆਂ ਮੰਦਭਾਗੀ ਘਟਨਾਵਾਂ, ਮਹਿਜ ਬੇਅਦਬੀਆਂ ਨਹੀਂ ਬਲਕਿ ਸਾਡੇ ਇਸ਼ਟ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉੱਤੇ ਹਮਲੇ ਹਨ। ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਕੂਮਤਾਂ, ਸਰਕਾਰਾਂ, ਵਿਰੋਧੀਆਂ ਤੇ ਦੁਸ਼ਮਣਾਂ ਦਾ ਢਿੱਡ ਨਹੀਂ ਭਰਿਆ ਤੇ ਹੁਣ ਉਹ ਲਗਾਤਾਰ ਸਾਡੇ ਗੁਰੂ 'ਤੇ ਹਮਲੇ ਕਰ ਰਹੇ ਹਨ। ਇਹ ਸਿੱਖ ਕੌਮ ਉੱਤੇ ਹੋ ਰਹੇ ਜ਼ੁਲਮ, ਅਨਿਆਂ ਅਤੇ ਹਮਲਿਆਂ ਦੀ ਸਿਖ਼ਰ ਹੈ। ਜਦੋਂ ਪਿਓ ਦੀ ਪੱਗ ਨੂੰ ਕੋਈ ਹੱਥ ਪਾ ਲਵੇ ਫਿਰ ਪੁੱਤ ਮਰਨ-ਮਾਰਨ 'ਤੇ ਉਤਰ ਆਉਂਦਾ ਹੈ ਤੇ ਅਜਿਹੀ ਹੀ ਹਾਲਤ ਸਿੱਖਾਂ ਦੀ ਬਣੀ ਹੋਈ ਹੈ। ਆਪਣੇ ਗੁਰੂ ਦਾ ਸਤਿਕਾਰ ਕਾਇਮ ਰੱਖਣ ਲਈ ਸਿੱਖ ਕੋਈ ਵੀ ਕਦਮ ਉਠਾ ਸਕਦੇ ਹਨ। ਸਿੱਖ ਲਈ ਗੁਰੂ ਤੋਂ ਉਤੇ ਕੁਝ ਨਹੀਂ, ਤੇ ਦੁਸ਼ਮਣਾਂ ਵੱਲੋਂ ਗੁਰੂ ਉਤੇ ਕੀਤਾ ਹਮਲਾ ਤਾਂ ਸਿੱਖ ਦੀ ਰੂਹ ਨੂੰ ਝੰਜੋੜ ਦਿੰਦਾ ਹੈ ਤੇ ਸਿੱਖ ਦੀ ਅਣਖ਼ ਅਜਿਹਾ ਉਬਾਲਾ ਮਾਰਦੀ ਹੈ ਕਿ ਉਹ ਵੈਰੀ ਦਾ ਅੰਤ ਕਰਕੇ ਹੀ ਸਾਹ ਲੈਂਦਾ ਹੈ, ਚਾਹੇ ਬਾਅਦ ਵਿੱਚ ਉਸਨੂੰ ਕੁਝ ਵੀ ਭੁਗਤਣਾ ਪਵੇ। ਸੱਚਾ ਸਿੱਖ ਕਦੇ ਵੀ ਗੁਰੂ ਸਾਹਿਬ ਉੱਤੇ ਹਮਲਾ ਨਹੀਂ ਸਹਿ ਸਕਦਾ, ਉਹ ਚੈਨ ਨਾਲ ਨਹੀਂ ਬਹਿ ਸਕਦਾ, ਉਸ ਦੀ ਆਤਮਾ ਕੁਝ ਕਰਨ ਲਈ ਪ੍ਰੇਰਦੀ ਹੈ, ਪੰਥਕ ਫ਼ਰਜ਼ ਉਸਨੂੰ ਅਵਾਜ਼ਾਂ ਮਾਰਦੇ ਹਨ ਤੇ ਫਿਰ ਸਿੱਖ ਗੁਰਬਾਣੀ, ਇਤਿਹਾਸ, ਸਿਧਾਂਤ, ਰਵਾਇਤ ਤੇ ਪ੍ਰੰਪਰਾ ਤੋਂ ਸੇਧ ਲੈ ਕੇ ਮੈਦਾਨ ਵਿੱਚ ਨਿੱਤਰ ਪੈਂਦਾ ਹੈ। ਉਸਨੂੰ ਦੁਨੀਆਂ ਦੀ, ਮੀਡੀਆ ਦੀ ਤੇ ਹੋਰ ਵਿਰੋਧੀਆਂ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਉਹ ਕੀ ਕਹਿਣਗੇ! ਸਿੱਖ, ਗੁਰੂ ਨਾਲ ਆਪਣਾ ਰਿਸ਼ਤਾ ਨਿਭਾਉਂਦਾ ਹੈ ਤੇ ਆਪਣੇ ਗੁਰੂ ਦੇ ਸਤਿਕਾਰ ਲਈ ਆਪਾ ਵੀ ਵਾਰ ਦਿੰਦਾ ਹੈ।

ਸਾਡੇ ਗੁਰੂ 'ਤੇ ਹਮਲੇ ਕਰਨ ਵਾਲੇ ਪਾਪੀ, ਦੁਸ਼ਟ, ਦੋਖੀ ਤੇ ਦੁਸ਼ਮਣ ਭੁੱਲ ਜਾਣ ਕਿ ਸਿੱਖ ਚੁੱਪ ਰਹਿਣਗੇ, ਜ਼ਰ ਜਾਣਗੇ, ਅੱਖਾਂ ਬੰਦ ਕਰ ਲੈਣਗੇ, ਭੁੱਲ ਜਾਣਗੇ, ਕੋਈ ਪ੍ਰਤੀਕਿਰਿਆ ਨਹੀਂ ਕਰਨਗੇ, ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣਗੇ! ਪਾਪੀਆਂ ਦਾ ਇਹ ਵਹਿਮ ਦੂਰ ਕਰਨ ਲਈ ਜੁਝਾਰੂ ਖ਼ਾਲਸਾ ਪ੍ਰਗਟ ਹੋਣ ਲਈ ਦੇਰ ਨਹੀਂ ਲਾਉਂਦਾ, ਕੋਈ ਗੁਰੂ ਕਾ ਬਾਜ਼ ਫ਼ਰਜ਼ ਨਿਭਾ ਹੀ ਜਾਂਦਾ ਹੈ, ਦੇਰ-ਸਵੇਰ ਸੋਧਾ ਲੱਗ ਹੀ ਜਾਂਦਾ ਹੈ, ਗੁਰੂ ਦੀ ਕਲਾ ਅਤੇ ਸ਼ਹੀਦ ਸਿੰਘ ਵਰਤ ਜਾਂਦੇ ਹਨ, ਇੱਕ ਨਵਾਂ ਇਤਿਹਾਸ ਜਨਮ ਲੈ ਲੈਂਦਾ ਹੈ ਤੇ ਢਾਡੀਆਂ-ਕਵੀਸ਼ਰਾਂ ਦੀਆਂ ਵਾਰਾਂ ਅਤੇ ਇਤਿਹਾਸ ਦੀਆਂ ਕਿਤਾਬਾਂ ਦਾ ਸ਼ਿੰਗਾਰ ਬਣ ਜਾਂਦਾ ਹੈ। ਗੁਰੂ ਸਾਹਿਬ ਦੇ ਸਤਿਕਾਰ ਲਈ ਸਿੱਖਾਂ ਨੇ ਚੰਦੂ, ਗੰਗੂ, ਸ਼ੀਂਹਾ ਮਸੰਦ, ਕੇਸਰੀ ਚੰਦ, ਲੱਖਪਤ ਰਾਏ, ਇੰਦਰਾ ਗਾਂਧੀ, ਜਨਰਲ ਵੈਦਿਆ ਤੇ ਗੋਬਿੰਦ ਰਾਮ ਨੂੰ ਲਲਕਾਰ ਕੇ ਸੋਧਿਆ ਅਤੇ ਅਹਿਮਦ ਖਾਂ, ਫ਼ਤਹਿ ਖਾਂ, ਲਲਾ ਬੇਗ, ਨਾਹਰ ਖਾਂ, ਜਾਬਰ ਖਾਂ, ਜਮਸ਼ੇਦ ਖਾਂ, ਵਜ਼ੀਰ ਖ਼ਾਂ, ਅਮਾਨ ਖ਼ਾਂ, ਮੱਸੇ ਰੰਘੜ ਅਤੇ ਪੀਟਰ ਕਲੋਨੈਟ ਨੂੰ ਉਸਦੇ ਪਾਪਾਂ ਦੀ ਸਜ਼ਾ ਦਿੱਤੀ ਅਤੇ ਅਜੋਕੇ ਸਮੇਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਹਮਲੇ ਕਰਨ ਵਾਲੇ ਸੂਰਜਮੁਨੀ ਸਾਧ, ਮਹਿੰਦਰਪਾਲ ਬਿੱਟੂ, ਗੁਰਦੇਵ ਪ੍ਰੇਮੀ, ਪ੍ਰਦੀਪ, ਚਰਨ ਦਾਸ, ਲਖਬੀਰ, ਬਖਸ਼ੀਸ਼, ਮਨੋਹਰ ਲਾਲ ਤੇ ਬਲਵਿੰਦਰ ਔਰਤ ਜਿਹੇ ਕਈ ਦੁਸ਼ਟਾਂ ਨੂੰ ਗੁਰੂ ਕੇ ਲਾਲਾਂ ਨੇ ਮੌਤ ਦੀ ਗੱਡੀ ਚਾੜ੍ਹਿਆ। ਪੁਰਾਤਨ ਸਮੇਂ ਵਿੱਚ ਵੀ ਸਿੱਖਾਂ ਨੇ ਇਹ ਸੇਵਾ ਖ਼ੁਦ ਸੰਭਾਲੀ ਸੀ ਤੇ ਹੁਣ ਵੀ ਜਦੋਂ ਸਰਕਾਰਾਂ, ਅਦਾਲਤਾਂ, ਕਾਨੂੰਨ ਅਤੇ ਪੁਲਿਸ ਇਨਸਾਫ਼ ਨਹੀਂ ਕਰਦੀ ਤਾਂ ਆਪਣੇ ਗੁਰੂ ਦੇ ਅਦਬ ਲਈ ਅਣਖੀਲੇ ਸਿੱਖਾਂ ਨੂੰ ਖ਼ੁਦ ਹੀ ਡੱਟਣਾ ਪੈਂਦਾ ਹੈ।

## ਯਾਦਗਾਰੀ ਹੋ ਨਿੱਬੜਿਆ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ ਦਾ ਸਲਾਨਾ ਖੇਡ ਸਮਾਰੋਹ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 9 ਮਾਰਚ : ਸਥਾਨਕ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਵਿਖੇ ਕਾਲਜ ਪ੍ਰਿੰਸੀਪਲ ਡਾ. ਪੂਜਾ ਭੱਲਾ ਦੀ ਅਗਵਾਈ ਹੇਠ 44ਵਾਂ ਸਲਾਨਾ ਖੇਡ ਸਮਾਰੋਹ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਸਮਾਰੋਹ ਦਾ ਉਦਘਾਟਨ ਮੁੱਖ ਮਹਿਮਾਨ ਡਾ. ਸੁਰਜੀਤ ਸਿੰਘ (ਰਿਟਾ. ਪ੍ਰਿੰਸੀਪਲ) ਅਤੇ ਉਹਨਾਂ ਦੀ ਧਰਮ ਪਤਨੀ ਬਿੰਦਰ ਕੌਰ (ਰਿਟਾ. ਲੈਕਚਰਾਰ) ਵੱਲੋਂ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਪੂਜਾ ਭੱਲਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਰਸਮੀ ਤੌਰ 'ਤੇ 'ਜੀ ਆਇਆਂ' ਕਹਿੰਦੇ ਹੋਏ ਕਿਹਾ ਕਿ ਇੱਕ ਨਰੋਏ ਸਮਾਜ ਦੀ ਸਿਰਜਣਾ ਵਿੱਚ ਖੇਡਾਂ ਬਹੁਤ ਵੱਡਾ ਰੋਲ ਅਦਾ ਕਰਦੀਆਂ ਹਨ। ਇਸ ਮੌਕੇ 'ਤੇ ਉਹਨਾਂ ਨੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਖੇਡਾਂ ਦੀ ਪ੍ਰਮੁੱਖ ਭੂਮਿਕਾ ਦਾ ਜ਼ਿਕਰ ਕਰਦੇ ਹੋਏ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਮੁੱਖ ਮਹਿਮਾਨ ਡਾ.ਸੁਰਜੀਤ ਸਿੰਘ ਜੀ ਨੇ 44ਵੇਂ ਸਾਲਾਨਾ ਖੇਡ ਸਮਾਰੋਹ ਦਾ ਝੰਡਾ ਲਹਿਰਾ ਕੇ ਰਸਮੀ ਉਦਘਾਟਨ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਉਹਨਾਂ ਨੇ ਕਿਹਾ ਕਿ ਇੱਕ ਸੁਚੱਜੀ ਸ਼ਖਸ਼ੀਅਤ ਦੇ ਨਿਰਮਾਣ ਅਤੇ ਵਿਕਾਸ ਲਈ ਖੇਡਾਂ ਨਾਲ ਜੁੜਨਾ ਬਹੁਤ ਜਰੂਰੀ ਹੈ, ਇਸ ਸ਼ਾਨਦਾਰ ਖੇਡ ਸਮਾਰੋਹ ਦੇ ਆਯੋਜਨ ਲਈ ਉਨ੍ਹਾਂ ਨੇ ਕਾਲਜ ਪ੍ਰਿੰਸੀਪਲ ਡਾ. ਪੂਜਾ ਭੱਲਾ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਸਤਿਨਾਮ




ਸਿੰਘ ਨੂੰ ਵਧਾਈ ਦਿੱਤੀ। ਇਸ ਖੇਡ ਸਮਾਰੋਹ ਵਿੱਚ 100 ਮੀਟਰ ਦੌੜ, 200 ਮੀਟਰ ਦੌੜ, 400 ਮੀਟਰ ਦੌੜ, 1500 ਮੀਟਰ ਦੌੜ, ਲੰਬੀ ਛਾਲ, ਗੋਲਾ ਸੁੱਟਣ, ਨਿੰਬੂ ਰੇਸ ਅਤੇ ਮਟਕਾ ਰੇਸ ਆਦਿ ਵੰਨਗੀਆਂ ਦੇ ਮੁਕਾਬਲੇ ਕਰਵਾਏ ਗਏ ਜਿਹਨਾਂ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਹਨਾਂ ਸਾਰੇ ਵੱਖ-ਵੱਖ ਮੁਕਾਬਲਿਆਂ ਵਿੱਚੋਂ ਮੈਰਿਟ ਦੇ ਆਧਾਰ 'ਤੇ ਲੜਕਿਆਂ ਵਿੱਚੋਂ ਬੀ.ਏ. ਭਾਗ ਪਹਿਲਾ ਦਾ ਵਿਦਿਆਰਥੀ ਸਾਗਰ ਥਾਪਾ ਅਤੇ ਲੜਕੀਆਂ ਵਿੱਚੋਂ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਇੰਦਰਜੀਤ ਕੌਰ ਨੂੰ ਬੈਸਟ ਅਥਲੀਟ ਚੁਣਿਆ ਗਿਆ। ਇਹਨਾਂ ਸਾਰੇ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜੇ ਸਥਾਨ ਪ੍ਰਾਪਤ ਕਰਨ ਵਾਲੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਕਾਲਜ ਪ੍ਰਿੰਸੀਪਲ ਅਤੇ ਮੁੱਖ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਡਾ. ਸੁਰਜੀਤ ਸਿੰਘ ਨੇ ਬਦਾਮ ਅਤੇ ਦੇਸੀ ਘਿਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਡਾ. ਹਰੀਸ਼ ਕੁਮਾਰ ਸ਼ਰਮਾ, ਡਾ. ਰਾਜੇਸ਼ ਮੋਹਨ (ਪ੍ਰਿੰਸੀਪਲ, ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਫਰੀਦਕੋਟ), ਪ੍ਰੋ. ਸੰਦੀਪ ਸਿੰਘ, ਪ੍ਰੋ. ਰਣਜੀਤ ਸਿੰਘ, ਪ੍ਰੋ.ਦਰਸ਼ਨ ਸਿੰਘ ਸੰਧੂ (ਰਿਟਾ.), ਪ੍ਰੋ. ਹਰਬੰਸ ਸਿੰਘ ਪਦਮ (ਰਿਟਾ.), ਪ੍ਰੋ. ਜਸਪਾਲ ਸਿੰਘ ਵੜੈਚ (ਰਿਟਾ.) ਪ੍ਰੋ. ਰੌਸ਼ਨ ਲਾਲ (ਰਿਟਾ.) ਸ੍ਰੀ ਖਰੈਤੀ ਲਾਲ ,ਸ. ਨਿਸ਼ਾਨ ਸਿੰਘ (ਪੀ.ਟੀ.ਆਈ), ਸ. ਲਾਲੀ ਲਾਇਲਪੁਰੀ, ਸ. ਬਲਵਿੰਦਰ ਸਿੰਘ ਘੈਂਟ, ਸ. ਜਲੌਰ ਸਿੰਘ, ਸ. ਗੁਰਸੇਵਕ ਸਿੰਘ ਸੇਵੀ, ਸ. ਜਸਕਰਨ ਸਿੰਘ, ਸ. ਬਿੰਦਰ ਸਿੰਘ, ਸ. ਹਰਦੀਪ ਸਿੰਘ ਫਿੱਡੂ, ਸ. ਜਸਵੰਤ ਸਿੰਘ, ਸ. ਮਨਪ੍ਰੀਤ ਮਾਣੂ, ਸ. ਕੇਵਲ ਸਿੰਘ ਪੱਪੂ, ਸ੍ਰੀ ਭੋਲਾ ਭਲਵਾਨ, ਸ. ਹਰਬੰਸ ਸਿੰਘ ਬੰਸਾ, ਸ. ਗੁਰਿੰਦਰ ਸਿੰਘ, ਸ. ਰਾਜਦਵਿੰਦਰ ਸਿੰਘ, ਪ੍ਰੋ.ਅਦਿਤਿਆ ਮਹਿਤਾ ਅਤੇ ਸ੍ਰੀ ਭਗਵਾਨ ਦਾਸ ਜੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ 'ਤੇ ਵਿਦਿਆਰਥੀਆਂ ਦੀ ਭਲਾਈ ਲਈ ਪ੍ਰੋਫੈਸਰ ਦਰਸ਼ਨ ਸਿੰਘ ਸੰਧੂ ਵੱਲੋਂ 5000 ਰੁਪਏ ਅਤੇ ਸਰਦਾਰ ਗੁਰਸੇਵਕ ਸਿੰਘ ਸੇਵੀ ਵੱਲੋਂ 3100 ਰੁਪਏ ਦੀ ਰਾਸ਼ੀ ਦਾ ਵਿਸ਼ੇਸ਼ ਯੋਗਦਾਨ ਦਿੱਤਾ ਗਿਆ। ਇਸ ਮੌਕੇ ਆਏ ਹੋਏ ਮੁੱਖ ਮਹਿਮਾਨ ਅਤੇ ਸਾਰੇ ਵਿਸ਼ੇਸ਼ ਮਹਿਮਾਨਾਂ ਨੂੰ ਕਾਲਜ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਗਿਆ। ਅਖੀਰ ਵਿੱਚ ਪ੍ਰੋ. ਸਤਨਾਮ ਸਿੰਘ (ਮੁਖੀ ਸਰੀਰਕ ਸਿੱਖਿਆ ਵਿਭਾਗ) ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਅਤੇ ਇਸ ਖੇਡ ਸਮਾਰੋਹ ਨੂੰ ਸਫਲਤਾ ਪੂਰਵਕ ਸੰਪੰਨ ਕਰਨ ਲਈ ਵਡਮੁੱਲੇ ਯੋਗਦਾਨ ਹੇਤੂ ਕਾਲਜ ਦੇ ਸਮੂਹ ਸਟਾਫ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਕਾਲਜ ਦਾ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਗੁਰਸਿੱਖੀ: ਇੱਕ ਜੀਵਨ ਜਾਚ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ



ਗੁਰਸਿੱਖੀ ਸਿੱਖ ਧਰਮ ਦਾ ਇੱਕ ਮਹੱਤਵਪੂਰਨ ਅੰਗ ਹੈ, ਜੋ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਅਧਾਰਤ ਹੈ। ਗੁਰਸਿੱਖੀ ਇੱਕ ਜੀਵਨ ਜਾਚ ਹੈ, ਜੋ ਕਿ ਮਨੁੱਖ ਨੂੰ ਸੱਚ, ਸੰਤੋਖ, ਦਇਆ, ਅਤੇ ਸੇਵਾ ਦੇ ਰਸਤੇ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ।

### ਗੁਰਸਿੱਖੀ ਦੇ ਮੁੱਖ ਸਿਧਾਂਤ

### ਗੁਰਸਿੱਖੀ ਦੇ ਮੁੱਖ ਸਿਧਾਂਤ ਹੇਠ ਲਿਖੇ ਹਨ:

ਇਕ ਓਂਕਾਰ: ਗੁਰਸਿੱਖੀ ਦਾ ਪਹਿਲਾ ਸਿਧਾਂਤ ਹੈ ਕਿ ਇਕ ਓਂਕਾਰ, ਜਿਸ ਦਾ ਅਰਥ ਹੈ ਕਿ ਸਿਰਫ ਇੱਕ ਹੀ ਭਗਵਾਨ ਹੈ।

ਗੁਰੂ ਗ੍ਰੰਥ ਸਾਹਿਬ: ਗੁਰਸਿੱਖੀ ਦਾ ਦੂਜਾ ਸਿਧਾਂਤ ਹੈ ਕਿ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦੀ ਸਭ ਤੋਂ ਵੱਡੀ ਧਰਮ ਗ੍ਰੰਥ ਹੈ।
ਸੱਚ, ਸੰਤੋਖ, ਦਇਆ, ਅਤੇ ਸੇਵਾ: ਗੁਰਸਿੱਖੀ ਦਾ ਤੀਜਾ ਸਿਧਾਂਤ ਹੈ ਕਿ ਮਨੁੱਖ ਨੂੰ ਸੱਚ, ਸੰਤੋਖ, ਦਇਆ, ਅਤੇ ਸੇਵਾ ਦੇ ਰਸਤੇ ਤੇ ਚੱਲਣਾ ਚਾਹੀਦਾ ਹੈ।

ਕਿਰਤ ਕਰੋ, ਨਾਮ ਜਪੋ, ਵੰਡ ਛਕੋ: ਗੁਰਸਿੱਖੀ ਦਾ ਚੌਥਾ ਸਿਧਾਂਤ ਹੈ ਕਿ ਮਨੁੱਖ ਨੂੰ ਕਿਰਤ ਕਰੋ, ਨਾਮ ਜਪੋ, ਅਤੇ ਵੰਡ ਛਕੋ ਦੇ ਰਸਤੇ ਤੇ ਚੱਲਣਾ ਚਾਹੀਦਾ ਹੈ।

### ਗੁਰਸਿੱਖੀ ਦੇ ਫਾਇਦੇ

### ਗੁਰਸਿੱਖੀ ਦੇ ਫਾਇਦੇ ਹੇਠ ਲਿਖੇ ਹਨ:

ਮਨ ਦੀ ਸ਼ਾਂਤੀ: ਗੁਰਸਿੱਖੀ ਮਨ ਨੂੰ ਸ਼ਾਂਤੀ ਅਤੇ ਸੰਤੋਖ ਪ੍ਰਦਾਨ ਕਰਦੀ ਹੈ।

ਜੀਵਨ ਦਾ ਉਦੇਸ਼: ਗੁਰਸਿੱਖੀ ਮਨੁੱਖ ਨੂੰ ਜੀਵਨ ਦਾ ਉਦੇਸ਼ ਸਮਝਣ ਵਿੱਚ ਮਦਦ ਕਰਦੀ ਹੈ।

ਸਮਾਜ ਸੇਵਾ: ਗੁਰਸਿੱਖੀ ਮਨੁੱਖ ਨੂੰ ਸਮਾਜ ਸੇਵਾ ਦੇ ਰਸਤੇ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ।

ਆਤਮਕ ਵਿਕਾਸ: ਗੁਰਸਿੱਖੀ ਮਨੁੱਖ ਨੂੰ ਆਤਮਕ ਵਿਕਾਸ ਦੇ ਰਸਤੇ ਤੇ ਚੱਲਣ ਵਿੱਚ ਮਦਦ ਕਰਦੀ ਹੈ।

### ਨਤੀਜਾ

ਗੁਰਸਿੱਖੀ ਇੱਕ ਜੀਵਨ ਜਾਚ ਹੈ, ਜੋ ਕਿ ਮਨੁੱਖ ਨੂੰ ਸੱਚ, ਸੰਤੋਖ, ਦਇਆ, ਅਤੇ ਸੇਵਾ ਦੇ ਰਸਤੇ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ। ਗੁਰਸਿੱਖੀ ਦੇ ਸਿਧਾਂਤ ਮਨੁੱਖ ਨੂੰ ਜੀਵਨ ਦਾ ਉਦੇਸ਼ ਸਮਝਣ, ਮਨ ਦੀ ਸ਼ਾਂਤੀ ਪ੍ਰਾਪਤ ਕਰਨ, ਅਤੇ ਆਤਮਕ ਵਿਕਾਸ ਦੇ ਰਸਤੇ ਤੇ ਚੱਲਣ ਵਿੱਚ ਮਦਦ ਕਰਦੇ ਹਨ।

## ਅੰਤਰਰਾਸ਼ਟਰੀ ਮਹਿਲਾ ਦਿਵਸ: ਜਸ਼ਨਾਂ ਦੇ ਸ਼ੋਰ ਵਿੱਚ ਗੁੰਮ ਹਕੀਕਤ ਅਤੇ ਅਣਗੌਲੀ ਔਰਤਾਂ

ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ 'ਰਾਵੀ'




ਹਰ ਸਾਲ 8 ਮਾਰਚ ਨੂੰ ਦੁਨੀਆ ਭਰ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਬੜੇ ਚਾਅ ਨਾਲ ਮਨਾਇਆ ਜਾਂਦਾ ਹੈ। ਸੋਸ਼ਲ ਮੀਡੀਆ ਦੇ ਵੱਖ-ਵੱਖ ਮੰਚਾਂ 'ਤੇ ਵਧਾਈਆਂ ਦੇ ਸੰਦੇਸ਼ਾਂ ਦੀ ਭਰਮਾਰ ਹੁੰਦੀ ਹੈ, ਸ਼ਹਿਰਾਂ ਦੇ ਆਲੀਸ਼ਾਨ ਹੋਟਲਾਂ ਵਿੱਚ ਸੈਮੀਨਾਰ ਕੀਤੇ ਜਾਂਦੇ ਹਨ ਅਤੇ ਵੱਡੀਆਂ ਸਟੇਜਾਂ ਤੋਂ ਔਰਤ ਦੀ ਮਹਿਮਾ ਦੇ ਗੁਣਗਾਨ ਕੀਤੇ ਜਾਂਦੇ ਹਨ। ਪਰ ਇਸ ਚਮਕ-ਧਮਕ ਅਤੇ ਜਸ਼ਨਾਂ ਦੇ ਸ਼ੋਰ ਵਿੱਚ ਇੱਕ ਸਵਾਲ ਹਮੇਸ਼ਾ ਅਣਗੌਲਿਆ ਰਹਿ ਜਾਂਦਾ ਹੈ ਕਿ ਕੀ ਇਹ ਦਿਨ ਉਸ ਔਰਤ ਤੱਕ ਪਹੁੰਚ ਸਕਿਆ ਹੈ ਜੋ ਸਵੇਰੇ ਚਾਰ ਵਜੇ ਉੱਠ ਕੇ ਪਸ਼ੂਆਂ ਦਾ ਗੋਹਾ-ਕੂੜਾ ਕਰਦੀ ਹੈ ਜਾਂ ਉਹ ਮਜ਼ਦੂਰ ਔਰਤ ਜੋ ਅੱਤ ਦੀ ਗਰਮੀ ਵਿੱਚ ਇੱਟਾਂ ਦੇ ਭੱਠਿਆਂ 'ਤੇ ਸਿਰ 'ਤੇ ਭਾਰ ਢੋਹ ਰਹੀ ਹੈ?

ਮਹਿਲਾ ਦਿਵਸ ਦਾ ਇਤਿਹਾਸ ਕੋਈ ਫੁੱਲਾਂ ਦੇ ਤੋਹਫ਼ੇ ਦੇਣ ਜਾਂ ਸਿਰਫ਼ ਵਧਾਈਆਂ ਦੇਣ ਵਾਲਾ ਦਿਨ ਨਹੀਂ ਸੀ, ਸਗੋਂ ਇਹ ਮਿਹਨਤਕਸ਼ ਔਰਤਾਂ ਦੇ ਲਹੂ ਅਤੇ ਪਸੀਨੇ ਦੀ ਉਪਜ ਹੈ। ਇਸ ਦਿਨ ਦੀ ਨੀਂਹ ਸਾਲ 1908 ਵਿੱਚ ਨਿਊਯਾਰਕ ਦੀਆਂ ਸੜਕਾਂ 'ਤੇ ਰੱਖੀ ਗਈ ਸੀ, ਜਿੱਥੇ ਹਜ਼ਾਰਾਂ ਮਜ਼ਦੂਰ ਔਰਤਾਂ ਨੇ ਆਪਣੇ ਕੰਮ ਦੇ ਘੰਟੇ ਘਟਾਉਣ, ਬਿਹਤਰ ਤਨਖਾਹ ਲੈਣ ਅਤੇ ਵੋਟ ਪਾਉਣ ਦੇ ਜਮਹੂਰੀ ਹੱਕ ਲਈ ਇੱਕ ਵਿਸ਼ਾਲ ਬਗਾਵਤ ਕੀਤੀ ਸੀ। ਇਸ ਸੰਘਰਸ਼ ਨੂੰ ਅੰਤਰਰਾਸ਼ਟਰੀ ਪਛਾਣ ਦਿਵਾਉਣ ਵਿੱਚ ਜਰਮਨ ਕ੍ਰਾਂਤੀਕਾਰੀ ਕਲਾਰਾ ਜੈਟਕਿਨ ਦਾ ਅਹਿਮ ਯੋਗਦਾਨ ਰਿਹਾ, ਜਿਨ੍ਹਾਂ ਨੇ 1910 ਵਿੱਚ ਇਸ ਦਿਨ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਦਾ ਪ੍ਰਸਤਾਵ ਰੱਖਿਆ ਤਾਂ ਜੋ ਦੁਨੀਆ ਭਰ ਦੀਆਂ ਔਰਤਾਂ ਆਪਣੇ ਹੱਕਾਂ ਲਈ ਇਕਜੁੱਟ ਹੋ ਸਕਣ।

ਅਫ਼ਸੋਸ ਦੀ ਗੱਲ ਇਹ ਹੈ ਕਿ ਇੱਕ ਸਦੀ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਸਾਡੇ ਸਮਾਜ ਦਾ ਇੱਕ ਵੱਡਾ ਹਿੱਸਾ ਅੱਜ ਵੀ ਇਸ ਦਿਨ ਦੇ ਅਸਲ ਮਕਸਦ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਪਿੰਡਾਂ ਦੀਆਂ ਗਲੀਆਂ, ਖੇਤਾਂ ਦੀਆਂ ਵੱਟਾਂ ਅਤੇ ਉਸਾਰੀ ਅਧੀਨ ਇਮਾਰਤਾਂ 'ਤੇ ਕੰਮ ਕਰਦੀਆਂ ਔਰਤਾਂ ਲਈ 8 ਮਾਰਚ ਵੀ ਬਾਕੀ ਦਿਨਾਂ ਵਾਂਗ ਸਿਰਫ਼ ਇੱਕ 'ਦਿਹਾੜੀ' ਹੀ ਹੈ। ਜਿਨ੍ਹਾਂ ਕੰਮਕਾਜੀ ਅਤੇ ਮਜ਼ਦੂਰ ਔਰਤਾਂ ਦੇ ਹੱਕਾਂ ਦੀ ਲੜਾਈ ਵਿੱਚੋਂ ਇਹ ਦਿਨ ਪੈਦਾ ਹੋਇਆ ਸੀ, ਉਹਨਾਂ ਨੂੰ ਹੀ ਅੱਜ ਇਹ ਨਹੀਂ ਪਤਾ ਕਿ ਦੁਨੀਆ ਉਹਨਾਂ ਦੇ ਨਾਮ 'ਤੇ ਜਸ਼ਨ ਮਨਾ ਰਹੀ ਹੈ। ਸਾਡੇ ਸਮਾਜ ਵਿੱਚ ਘਰੇਲੂ ਔਰਤਾਂ ਦੀ ਮਿਹਨਤ ਨੂੰ ਅੱਜ ਵੀ ਕੰਮ ਦਾ ਦਰਜਾ ਨਹੀਂ ਦਿੱਤਾ ਜਾਂਦਾ। ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਨ ਵਾਲੀ ਸੁਆਣੀ ਨੂੰ ਕਦੇ ਇਹ ਅਹਿਸਾਸ ਹੀ ਨਹੀਂ ਕਰਵਾਇਆ ਗਿਆ ਕਿ ਉਸਦੀ ਹੋਂਦ ਅਤੇ ਸਵੈ-ਮਾਣ ਲਈ ਵੀ ਸਾਲ ਵਿੱਚ ਕੋਈ ਵਿਸ਼ੇਸ਼ ਦਿਨ ਰਾਖਵਾਂ ਹੈ।

ਜੇਕਰ ਅਸੀਂ ਸੱਚਮੁੱਚ ਔਰਤਾਂ ਦਾ ਸਨਮਾਨ ਕਰਨਾ ਚਾਹੁੰਦੇ ਹਾਂ, ਤਾਂ ਸਭ ਤੋਂ ਪਹਿਲਾਂ ਸਾਨੂੰ ਇਸ ਦਿਨ ਨੂੰ ਸ਼ਹਿਰਾਂ ਦੇ ਏਅਰ-ਕੰਡੀਸ਼ਨਡ ਹਾਲਾਂ ਵਿੱਚੋਂ ਕੱਢ ਕੇ ਪਿੰਡਾਂ ਦੀਆਂ ਸੱਥਾਂ ਅਤੇ ਮਜ਼ਦੂਰ ਬਸਤੀਆਂ ਤੱਕ ਲੈ ਕੇ ਜਾਣਾ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ 8 ਮਾਰਚ ਨੂੰ ਹਰ ਮਜ਼ਦੂਰ ਅਤੇ ਕੰਮਕਾਜੀ ਔਰਤ ਲਈ ਸਰਕਾਰੀ ਛੁੱਟੀ ਲਾਜ਼ਮੀ ਕੀਤੀ ਜਾਵੇ। ਇਹ ਛੁੱਟੀ ਸਿਰਫ਼ ਘਰ ਬੈਠਣ ਲਈ ਨਹੀਂ, ਸਗੋਂ ਉਸ ਨੂੰ ਇਹ ਅਹਿਸਾਸ ਕਰਵਾਉਣ ਲਈ ਹੋਣੀ ਚਾਹੀਦੀ ਹੈ ਕਿ ਅੱਜ ਉਸਦੀ ਹੋਂਦ ਦਾ ਦਿਨ ਹੈ। ਜਦੋਂ ਖੇਤਾਂ ਅਤੇ ਕਾਰਖਾਨਿਆਂ ਵਿੱਚ ਔਰਤਾਂ ਦੀ ਗੈਰ-ਹਾਜ਼ਰੀ ਹੋਵੇਗੀ, ਉਦੋਂ ਹੀ ਸਮਾਜ ਨੂੰ ਉਸਦੀ ਅਸਲ ਸ਼ਕਤੀ ਦਾ ਅਹਿਸਾਸ ਹੋਵੇਗਾ।

ਪਿੰਡਾਂ ਵਿੱਚ ਜਾਗਰੂਕਤਾ ਲਿਆਉਣ ਲਈ ਪੰਚਾਇਤਾਂ ਅਤੇ ਸਰਕਾਰੀ ਅਦਾਰਿਆਂ ਨੂੰ ਵਿਸ਼ੇਸ਼ ਕਦਮ ਚੁੱਕਣੇ ਪੈਣਗੇ। ਔਰਤਾਂ ਨੂੰ ਸਿਰਫ਼ 'ਘਰ ਦੀ ਰਾਣੀ' ਕਹਿ ਕੇ ਚੁੱਪ ਕਰਵਾਉਣ ਦੀ ਬਜਾਏ, ਉਹਨਾਂ ਨੂੰ ਸੰਵਿਧਾਨਕ ਹੱਕਾਂ, ਬਰਾਬਰ ਤਨਖਾਹ ਅਤੇ ਸਿੱਖਿਆ ਦੀ ਮਹੱਤਤਾ ਬਾਰੇ ਦੱਸਣਾ ਸਮੇਂ ਦੀ ਮੁੱਖ ਲੋੜ ਹੈ। ਹਰ ਔਰਤ ਨੂੰ ਇਹ ਸਮਝਣਾ ਪਵੇਗਾ ਕਿ ਉਸਦੀ ਕੁਰਬਾਨੀ ਹੀ ਉਸਦਾ ਇਕੱਲਾ ਗਹਿਣਾ ਨਹੀਂ ਹੈ, ਸਗੋਂ ਉਸਦੀ ਆਤਮ-ਨਿਰਭਰਤਾ ਅਤੇ ਆਤਮ-ਸਨਮਾਨ ਉਸਦੀ ਅਸਲ ਤਾਕਤ ਹੈ। ਔਰਤ ਦਿਵਸ ਦੀ ਸਾਰਥਕਤਾ ਉਦੋਂ ਹੀ ਸਿੱਧ ਹੋਵੇਗੀ ਜਦੋਂ ਹਰ ਮਜ਼ਦੂਰ ਔਰਤ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰੇਗੀ ਅਤੇ ਸਮਾਜ ਉਸਦੀ ਮਿਹਨਤ ਨੂੰ ਸਿਜਦਾ ਕਰੇਗਾ।